OFFICE DISTRICT ELECTION OFFICER, BATHINDA
(Room No. 303, 2nd Floor Mini Secretariat)
Phone No. 0164-2211022 E-mail :-etbtd@punjab.gov.in

PUNJAB VOTES

ਸੀ-1

20232158
20/2/2023

ਸੇਵਾ ਵਿਖੇ

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰ)
ਬਠਿੰਡਾ।

ਪੱਤਰ ਨੰ. ਚੋਣ-2023/ 278-79
ਮਿਤੀ 20/02/2023

ਵਿਸ਼ਾ: ਬਿਨਾਂ ਸੂਚਨਾ ਦੇ ਈ.ਐਲ.ਸੀ. ਨੋਡਲ ਅਫਸਰਾਂ ਵਲੋਂ ਆਫੀਸ਼ੀਅਲ ਵੱਟਸਐਪ ਗਰੁੱਪ ਛੱਡਣ ਤੇ ਕਾਰਵਾਈ ਕਰਨ ਸਬੰਧੀ।

ਹਵਾਲਾ:- ਇਸ ਦਫਤਰ ਦਾ ਪੱਤਰ ਨੰ. ਚੋਣ-2022/6230 ਮਿਤੀ 29-09-2022, ਪੱਤਰ ਨੰ. ਚੋਣ-2022/6667 ਮਿਤੀ 01-12-2022, ਪੱਤਰ ਨੰ. ਚੋਣ-2022/6879 ਮਿਤੀ 30-12-2022,

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੇ ਸਕੂਲ ਮੁਖੀਆਂ ਨੂੰ ਇਹ ਸਖ਼ਤ ਹਦਾਇਤ ਕੀਤੀ ਜਾਵੇ ਕਿ ਉਹ ਆਪਣੀ ਸੰਸਥਾ ਦੇ ਚੋਣ ਸਾਖਰਤਾ ਕਲੱਬ ਦੇ ਇੰਚਾਰਜ ਦੀ ਬਦਲੀ/ਸੇਵਾ ਨਿਵਰਤੀ ਹੋਣ ਤੇ ਤੁਰੰਤ ਨਵੇਂ ਨਾਮਜ਼ਦ ਕੀਤੇ ਇੰਚਾਰਜ ਦੀ ਸੂਚਨਾ ਨਿਰਧਾਰਿਤ ਪ੍ਰੋਫਾਰਮੇ ਵਿੱਚ ਭਰ ਕੇ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਉਣ। ਇਸ ਤੋਂ ਇਲਾਵਾ ਕੁਝ ਚੋਣ ਸਾਖਰਤਾ ਕਲੱਬਾਂ ਦੇ ਨੋਡਲ ਅਫਸਰ ਬਿਨਾਂ ਸੂਚਨਾ ਦਿੱਤੇ ਵੱਟਸਐਪ ਗਰੁੱਪ ਨੂੰ ਛੱਡ ਜਾਂਦੇ ਹਨ ਜਿਸ ਕਾਰਨ ਸਬੰਧਤ ਕਲੱਬ ਦੇ ਮੈਂਬਰ ਮਹੱਤਵਪੂਰਨ ਜਾਣਕਾਰੀ ਤੋਂ ਵਾਂਝੇ ਰਹਿ ਜਾਂਦੇ ਹਨ। ਸਕੂਲ ਮੁਖੀਆਂ ਦੁਆਰਾ ਇਹ ਵੀ ਯਕੀਨੀ ਬਣਾ ਲਿਆ ਜਾਵੇ ਕਿ ਉਹਨਾਂ ਦੇ ਕਲੱਬ ਦਾ ਨੋਡਲ ਅਧਿਕਾਰੀ ਸਬੰਧਤ ਗਰੁੱਪ ਵਿੱਚ ਸ਼ਾਮਿਲ ਹੈ। ਇਸ ਤੋਂ ਇਲਾਵਾ ਹੇਠ ਦਰਸਾਏ ਸਕੂਲਾਂ ਦੇ ਕਲੱਬ ਇੰਚਾਰਜ ਆਫੀਸ਼ੀਅਲ ਵੱਟਸ ਐਪ ਗਰੁੱਪ ਛੱਡ ਗਏ ਹਨ। ਇਹਨਾਂ ਕਲੱਬ ਇੰਚਾਰਜਾਂ ਤੋਂ ਸਪਸ਼ਟੀਕਰਨ ਲੈ ਕੇ ਤੁਰੰਤ ਇਸ ਦਫਤਰ ਨੂੰ ਭੇਜਿਆ ਜਾਵੇ।

ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਸਕੂਲ ਦੇ ਕਰਮਚਾਰੀ/ਅਧਿਕਾਰੀ ਵਿਰੁੱਧ ਚੋਣ ਕੰਮਾਂ ਵਿੱਚ ਅਣਗਹਿਲੀ ਅਤੇ ਲਾਪਰਵਾਹੀ ਮੰਨਦੇ ਹੋਏ ਲੋਕ ਪ੍ਰਤੀਨਿਧਤਾ ਐਕਟ-1950 ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਨੂੰ ਅਤਿ-ਜਰੂਰੀ ਸਮਝਿਆ ਜਾਵੇ।

ELC Incharges who left Whats app group without information

1. GSSS Jeeda ELC Incharge left on 19-02-2023
2. GHS Goniana Khurd ELC Incharge left on 21-01-2023
3. GSSS Lehra Dhurkot ELC Incharge left on 02-01-2023
4. GSSS Ghudda ELC Incharge left on 06-02-2023
5. GMSSS Natheha ELC Inchrge left on 02-02-2023

ਵਾਸਤੇ ਜ਼ਿਲਾ ਚੋਣ ਅਫ਼ਸਰ
ਬਠਿੰਡਾ।

ਪਿੱਠ ਅੰਕਣ ਨੰ. ਚੋਣ-2022/ 279

ਮਿਤੀ

ਉਪਰੋਕਤ ਦਾ ਇੱਕ ਉਤਾਰਾ ਉਪ ਜ਼ਿਲਾ ਸਿੱਖਿਆ ਅਫ਼ਸਰ-ਕਮ-ਜ਼ਿਲ੍ਹਾ ਸਵੀਪ ਕੁਆਰਡੀਨੇਟਰ (ਸਕੂਲਜ਼) ਬਠਿੰਡਾ ਜੀ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸਕੂਲਾਂ ਨਾਲ ਤਾਲਮੇਲ ਕਰ ਕੇ ਰਿਪੋਰਟ ਇਸ ਦਫਤਰ ਪਾਸ ਤੁਰੰਤ ਭੇਜੀ ਜਾਵੇ।

ਵਾਸਤੇ ਜ਼ਿਲਾ ਚੋਣ ਅਫ਼ਸਰ
ਬਠਿੰਡਾ।

**ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ**

**ਪਿ ਅੰ ਨੰ ਜੀ-4/1 ( ) 2023** 1210 **ਮਿਤੀ 20/02/2023** Ero (P.S)-System 2 123

**ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਨੂੰ ਲਿਖ ਕੇ ਭੇਜਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।**

**ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)**
**ਬਠਿੰਡਾ।**